**LANGUAGE RIGHTS** | **Voter Hotline: 1-888-API-VOTE**

ASIAN AMERICANS ADVANCING JUSTICE AAJC




*Bilingual assistance is available in Bengali/Bangla (বাংলা), Cantonese (廣東話), English, Hindi (हिंदी), Korean (한국어), Mandarin (普通話), Punjabi (ਪੰਜਾਬੀ), Tagalog, Urdu (اردو), and Vietnamese (tiếng Việt)*




# ਤੁਹਾਨੂੰ ਵੋਟਿੰਗ ਬੂਥ ਵਿੱਚ ਸਹਾਇਤਾ ਪਾਉਣ ਦਾ ਅਧਿਕਾਰ ਹੈ

## ਕੀ ਤੁਸੀ ਜਾਣਦੇ ਹੋ?

- ਤੁਸੀਂ ਆਪਣੀ ਵੋਟ ਪਾਉਣ ਵਿੱਚ ਮਦਦ ਕਰਨ ਲਈ ਪਰਿਵਾਰ ਦੇ ਕਿਸੇ ਮੈਂਬਰ, ਕਿਸੇ ਗੁਆਂਢੀ – ਤੁਹਾਡੇ ਭਾਈਚਾਰੇ ਦੇ ਲਗਭਗ ਕਿਸੇ ਵੀ ਵਿਅਕਤੀ ਨੂੰ ਜਿਸ ‘ਤੇ ਤੁਸੀਂ ਭਰੋਸਾ ਕਰਦੇ ਹੋ – ਲਿਆ ਸਕਦੇ ਹੋ।

## ਮੈਂ ਖ਼ੁਦ ਵੋਟ ਪਾਉਣ ਨੂੰ ਲੈ ਕੇ ਸਹਿਜ ਨਹੀਂ ਹਾਂ। ਕੀ ਮੈਂ ਵੋਟਿੰਗ ਬੂਥ ਵਿੱਚ ਵੋਟ ਪਾਉਣ ਵਿੱਚ ਮੇਰੀ ਮਦਦ ਕਰਨ ਲਈ ਕਿਸੇ ਨੂੰ ਆਪਣੇ ਨਾਲ ਲਿਆ ਸਕਦਾ/ਸਕਦੀ ਹਾਂ?

ਹਾਂ। ਤੁਹਾਡੇ ਕੋਲ ਤੁਹਾਡੀ ਮਦਦ ਕਰਨ ਲਈ ਕਿਸੇ ਵਿਅਕਤੀ ਨੂੰ ਵੋਟਿੰਗ ਬੂਥ ਵਿੱਚ ਲਿਆਉਣ ਦਾ ਅਧਿਕਾਰ ਹੈ। ਇਹ ਵਿਅਕਤੀ ਕੋਈ ਦੋਸਤ, ਰਿਸ਼ਤੇਦਾਰ, ਜਾਂ ਕੋਈ ਹੋਰ ਵਿਅਕਤੀ ਹੋ ਸਕਦਾ ਹੈ ਜਿਸ ‘ਤੇ ਤੁਸੀਂ ਭਰੋਸਾ ਕਰਦੇ ਹੋ। ਇਹ ਸਿਰਫ਼ ਤੁਹਾਡਾ ਬੌਸ ਜਾਂ ਤੁਹਾਡੀ ਮਜ਼ਦੂਰ ਯੂਨੀਅਨ ਦਾ ਪ੍ਰਤੀਨਿਧੀ ਨਹੀਂ ਹੋ ਸਕਦਾ।

## ਕਿਹੜਾ ਕਾਨੂੰਨ ਮੈਨੂੰ ਇਹ ਹੱਕ ਦਿੰਦਾ ਹੈ?

ਵੋਟਿੰਗ ਰਾਈਟਸ ਐਕਟ (VRA) ਦੀ ਧਾਰਾ 208 ਹਰੇਕ ਵੋਟਰ ਨੂੰ ਆਪਣੀ ਪਸੰਦ ਦੇ ਕਿਸੇ ਵਿਅਕਤੀ ਨੂੰ ਵੋਟਿੰਗ ਬੂਥ ਵਿੱਚ ਲਿਆਉਣ ਦਾ ਅਧਿਕਾਰ ਦਿੰਦੀ ਹੈ ਜੇਕਰ ਉਹਨਾਂ ਨੂੰ ਵੋਟਿੰਗ ਵਿੱਚ ਮਦਦ ਦੀ ਲੋੜ ਹੁੰਦੀ ਹੈ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਨੂੰ ਇਸ ਕਾਨੂੰਨ ਤੋਂ ਲਾਭ ਹੋ ਸਕਦਾ ਹੈ?

ਜੇਕਰ ਤੁਹਾਡੀ ਮੂਲ ਭਾਸ਼ਾ ਅੰਗਰੇਜ਼ੀ ਨਹੀਂ ਹੈ ਅਤੇ ਤੁਹਾਨੂੰ ਅੰਗਰੇਜ਼ੀ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਤੁਸੀਂ ਇਸ ਕਾਨੂੰਨ ਦੀ ਵਰਤੋਂ ਕਰ ਸਕਦੇ ਹੋ। ਤੁਸੀਂ ਇਸ ਕਾਨੂੰਨ ਦੀ ਵਰਤੋਂ ਤਾਂ ਵੀ ਕਰ ਸਕਦੇ ਹੋ ਜੇਕਰ ਤੁਸੀਂ ਨੇਤਰਹੀਣ ਹੋ ਜਾਂ ਤੁਹਾਡੀ ਨਿਗ੍ਹਾ ਖ਼ਰਾਬ ਹੈ,  ਤੁਸੀਂ ਅਪਾਹਜ ਹੋ, ਜਾਂ ਤੁਹਾਨੂੰ ਪੜ੍ਹਨ ਜਾਂ ਲਿਖਣ ਵਿੱਚ ਮੁਸ਼ਕਲ ਆਉਂਦੀ ਹੈ।

## ਮੈਨੂੰ ਚੋਣ ਦਿਵਸ ‘ਤੇ ਕੀ ਕਰਨ ਦੀ ਲੋੜ ਹੈ ਤਾਂ ਜੋ ਕੋਈ ਮੇਰੀ ਵੋਟ ਪਾਉਣ ਵਿੱਚ ਮਦਦ ਕਰੇ?

ਤੁਹਾਡੀ ਮਦਦ ਕਰਨ ਵਾਲੇ ਵਿਅਕਤੀ ਨੂੰ ਵੋਟ ਪਾਉਣ ਵਾਲੀ ਜਗ੍ਹਾ ‘ਤੇ ਲੈ ਜਾਓ। ਚੋਣ ਅਧਿਕਾਰੀਆਂ ਨੂੰ ਦੱਸੋ ਕਿ ਤੁਸੀਂ ਇਸ ਵਿਅਕਤੀ ਨੂੰ ਵੋਟ ਪਾਉਣ ਵਿੱਚ ਤੁਹਾਡੀ ਮਦਦ ਕਰਨ ਲਈ ਚੁਣਿਆ ਹੈ। ਤੁਹਾਨੂੰ ਇੱਕ ਫਾਰਮ ਭਰਨਾ ਪਵੇਗਾ ਅਤੇ ਦਸਤਖ਼ਤ ਕਰਨੇ ਪੈਣਗੇ ਜਿਸ ਵਿੱਚ ਲਿਖਿਆ ਹੋਵੇਗਾ ਕਿ ਤੁਹਾਨੂੰ ਅੰਗਰੇਜ਼ੀ ਬੋਲਣ, ਪੜ੍ਹਨ, ਲਿਖਣ ਜਾਂ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ ਅਤੇ ਤੁਸੀਂ ਇਸ ਵਿਅਕਤੀ ਨੂੰ ਤੁਹਾਡੀ ਮਦਦ ਕਰਨ ਲਈ ਕਿਹਾ ਹੈ।

*1-888-API-VOTE: **ਚੋਣ ਦਿਵਸ ‘ਤੇ ਭਾਸ਼ਾ ਸੰਬੰਧੀ ਮਦਦ ਲਈ ਕਾਲ ਕਰੋ***

*ਸੀਮਤ ਅੰਗਰੇਜ਼ੀ ਬੋਲਣ ਵਾਲੇ ਵੋਟਰਾਂ ਲਈ ਵੋਟਿੰਗ ਪਹੁੰਚ ਬਾਰੇ ਹੋਰ ਜਾਣਕਾਰੀ ਲਈ,*
*ਕਿਰਪਾ ਕਰਕੇ ਵੇਖੋ: www.advancingjustice-aajc.org/language-rights.*




ਤੁਹਾਡੀ ਮਦਦ ਕਰਨ ਵਾਲੇ ਵਿਅਕਤੀ ਨੂੰ ਇੱਕ ਫਾਰਮ 'ਤੇ ਦਸਤਖ਼ਤ ਕਰਨੇ ਪੈਣਗੇ ਜਿਸ ਵਿੱਚ ਇਹ ਸਹੁੰ ਚੁੱਕੀ ਜਾਂਦੀ ਹੈ ਕਿ ਉਸ ਨੇ ਤੁਹਾਨੂੰ ਇਹ ਨਹੀਂ ਦੱਸਿਆ ਕਿ ਵੋਟ ਕਿਵੇਂ ਪਾਉਣੀ ਹੈ।

## ਜੇਕਰ ਉਹ ਮੈਨੂੰ ਵੋਟਿੰਗ ਬੂਥ ਵਿੱਚ ਆਪਣੇ ਨਾਲ ਕਿਸੇ ਨੂੰ ਲਿਆਉਣ ਦੀ ਇਜਾਜ਼ਤ ਨਹੀਂ ਦਿੰਦੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਕੁਝ ਚੋਣ ਅਧਿਕਾਰੀਆਂ ਨੂੰ VRA ਦੀ ਧਾਰਾ 208 ਬਾਰੇ ਜਾਣਕਾਰੀ ਨਹੀਂ ਹੁੰਦੀ। ਜੇਕਰ ਤੁਸੀਂ ਕਿਸੇ ਨੂੰ ਆਪਣੀ ਮਦਦ ਲਈ ਲਿਆਉਂਦੇ ਹੋ ਅਤੇ ਕੋਈ ਚੋਣ ਅਧਿਕਾਰੀ ਉਹਨਾਂ ਨੂੰ ਤੁਹਾਡੀ ਮਦਦ ਨਹੀਂ ਕਰਨ ਦਿੰਦਾ, ਤਾਂ ਚੋਣ ਅਧਿਕਾਰੀ ਨੂੰ ਇਹ ਫਲਾਇਰ ਦਿਖਾਓ। ਜੇਕਰ ਚੋਣ ਅਧਿਕਾਰੀ ਫਿਰ ਵੀ ਉਸ ਵਿਅਕਤੀ ਨੂੰ ਵੋਟ ਪਾਉਣ ਵਿੱਚ ਤੁਹਾਡੀ ਮਦਦ ਨਹੀਂ ਕਰਨ ਦਿੰਦਾ, ਤਾਂ ਪੋਲਿੰਗ ਸਥਾਨ 'ਤੇ ਸਭ ਤੋਂ ਉੱਚ ਦਰਜੇ ਦੇ ਅਧਿਕਾਰੀ ਨਾਲ ਗੱਲ ਕਰੋ ਜਾਂ ਸਾਡੀ ਹੌਟਲਾਈਨ 'ਤੇ ਕਾਲ ਕਰੋ: **1-888-API-VOTE**.

*1-888-API-VOTE: **ਚੋਣ ਦਿਵਸ 'ਤੇ ਭਾਸ਼ਾ ਸੰਬੰਧੀ ਮਦਦ ਲਈ ਕਾਲ ਕਰੋ***
*ਸੀਮਤ ਅੰਗਰੇਜ਼ੀ ਬੋਲਣ ਵਾਲੇ ਵੋਟਰਾਂ ਲਈ ਵੋਟਿੰਗ ਪਹੁੰਚ ਬਾਰੇ ਹੋਰ ਜਾਣਕਾਰੀ ਲਈ,*
*ਕਿਰਪਾ ਕਰਕੇ ਵੇਖੋ: www.advancingjustice-aajc.org/language-rights.*